# ਏਕਤਾ ਵਿੱਚ ਸ਼ਕਤੀ

ਇੱਕ ਪਿੰਡ ਵਿੱਚ ਕਿਸਾਨ ਦੇ ਖੇਤਾਂ ਵਿੱਚ ਇੱਕ ਸੱਪ ਰਹਿੰਦਾ ਸੀ। ਉਹ ਖੇਤਾਂ ਵਿੱਚ ਪੰਛੀ, ਚੂਹੇ ਅਤੇ ਡੱਡੂਆਂ ਦਾ ਭੋਜਨ ਕਰਦਾ ਸੀ। ਸੱਪ ਸਾਰੀ ਰਾਤ ਸ਼ਿਕਾਰ ਕਰਦਾ ਅਤੇ ਦਿਨ ਵੇਲੇ ਆਪਣਾ ਸਾਰਾ ਸਮਾਂ ਸੌਣ ਵਿੱਚ ਗੁਜ਼ਾਰ ਦਿੰਦਾ, ਇਸ ਆਦਤ ਕਰਕੇ ਸੱਪ ਦਾ ਸ਼ਰੀਰ ਬਹੁਤ ਮੋਟਾ ਅਤੇ ਭਾਰਾ ਹੋ ਗਿਆ।

ਇੱਕ ਦਿਨ ਸੱਪ ਨੇ ਭੋਜਨ ਜ਼ਿਆਦਾ ਖਾ ਲਿਆ। ਜਦ ਸੱਪ ਸੌਣ ਲਈ ਆਪਣੀ ਖੁੱਡ ਵਿਚ ਵੜਨ ਲੱਗਾ, ਤਾਂ ਉਹ ਵਿਚਕਾਰ ਫਸ ਗਿਆ। ਕਾਫੀ ਸਮਾਂ ਕੋਸ਼ਿਸ਼ ਕਰਨ ਤੋਂ ਬਾਅਦ ਵੀ ਕੋਈ ਹੀਲਾ ਨਹੀਂ ਬਣਿਆ ਤਾਂ ਸੱਪ ਸੋਚਣ ਲੱਗਾ, "ਲਗਦਾ ਅੱਜ ਵੀ ਖੁੱਲ੍ਹੇ ਅਸਮਾਨ ਥੱਲੇ ਹੀ ਸੌਣਾ ਪੈਣਾ।ਮੈਨੂੰ ਆਪਣਾ ਰਹਿਣ ਦਾ ਟਿਕਾਣਾ ਬਦਲਣਾ ਪਏਗਾ।" ਆਖਿਰ ਉਸਨੇ ਮੋਟਾਪੇ ਤੋਂ ਪ੍ਰੇਸ਼ਾਨ ਆ ਕੇ ਆਪਣੇ ਰਹਿਣ ਦਾ ਟਿਕਾਣਾ ਬਦਲਣ ਦਾ ਫੈਸਲਾ ਕੀਤਾ।

ਸੱਪ ਨਵੀਂ ਖੁੱਡ ਦੀ ਭਾਲ ਵਿੱਚ ਇੱਧਰ-ਉਧਰ ਭਟਕਣ ਲੱਗਾ, ਕਾਫੀ ਸਮਾਂ ਭਟਕਣ ਤੋਂ ਬਾਅਦ ਸੱਪ ਨੂੰ ਇੱਕ ਜੰਗਲ ਵਿੱਚ ਵੱਡੇ ਤਣੇ ਵਾਲਾ ਦਰਖ਼ਤ ਨਜ਼ਰ ਆਇਆ। ਸੱਪ ਦਰਖਤ ਨੂੰ ਵੇਖ ਕੇ ਖੁਸ਼ ਹੋਇਆ ਅਤੇ ਕਹਿਣ ਲੱਗਾ, "ਵਾਹ! ਕਿੰਨਾਂ ਸੋਹਣਾ ਦਰਖਤ ਹੈ, ਇਸਦੇ ਤਣੇ ਵਿੱਚ ਮੈਂ ਆਪਣਾ ਬਸੇਰਾ ਕਰਾਂਗਾ ਅਤੇ ਇਸ ਜਗ੍ਹਾਂ ਤੇ ਭੋਜਨ ਦੀ ਕਮੀ ਵੀ ਨਹੀਂ ਲਗਦੀ।"



SikhVille

ਕੁਝ ਦਿਨ ਸੱਪ ਅਰਾਮ ਨਾਲ ਸ਼ਿਕਾਰ ਕਰਦਾ ਰਿਹਾ, ਸੱਪ ਦੇ ਨਵੇਂ ਟਿਕਾਣੇ ਕਰਕੇ ਆਸ-ਪਾਸ ਦੇ ਪਸ਼ੂ-ਪੰਛੀਆਂ ਨੂੰ ਪ੍ਰੇਸ਼ਾਨੀ ਹੋਣ ਲੱਗੀ।ਇਕ ਦਿਨ ਨਾਲ ਦੇ ਰੁੱਖ 'ਤੇ ਕੁਝ ਪੰਛੀ ਬੈਠੇ ਆਪਸ ਵਿੱਚ ਗੱਲਾਂ ਕਰ ਰਹੇ ਸੀ।

ਚਿੜੀ ਤੋਤੇ ਨੂੰ ਬੋਲੀ, "ਵੇਖ ਮਿੱਠੂ ਵੀਰ, ਇਸ ਜੰਗਲ ਵਿਚ ਇਕ ਨਵੀਂ ਮੁਸੀਬਤ ਆ ਗਈ ਹੈ। ਉਹ ਸਾਹਮਣੇ ਤਣੇ ਵਿੱਚ ਇੱਕ ਮੋਟਾ ਸੱਪ ਆ ਗਿਆ ਹੈ।"ਤੋਤਾ ਬੋਲਿਆ, "ਹਾਂ ਭੈਣ, ਉਸਦੇ ਕਰਕੇ ਬਹੁਤ ਪ੍ਰੇਸ਼ਾਨੀ ਹੋ ਰਹੀ ਹੈ। ਉਹ ਸਾਰਾ ਦਿਨ ਸੁੱਤਾ ਰਹਿੰਦਾ ਹੈ ਅਤੇ ਰਾਤ ਨੂੰ ਸ਼ਿਕਾਰ ਕਰਨ ਲਈ ਉੱਠ ਜਾਂਦਾ ਹੈ"। ਨਾਲ ਬੈਠਾ ਕਬੂਤਰ ਵੀ ਬੋਲਿਆ, "ਹਾਂ ਭਾਈ! ਬਿਲਕੁਲ ਸਹੀ ਕਿਹਾ। ਸੱਪ ਦੇ ਡਰ ਤੋਂ ਆਸ-ਪਾਸ ਦੇ ਕਈ ਪਸ਼ੂ-ਪੰਛੀ ਆਪਣਾ ਟਿਕਾਣਾ ਬਦਲ ਚੁੱਕੇ ਹਨ। ਪਤਾ ਨਹੀਂ ਹੋਰ ਕਿੰਨਾ ਸਮਾਂ ਇਹ ਮੁਸੀਬਤ ਰਹਿਣੀ ਹੈ?" ਤੋਤਾ ਫਿਰ ਬੋਲਿਆ, "ਚਲੋ ਘਟੋ ਘੱਟ ਇਸ ਜੰਗਲ ਵਿੱਚ ਕੀੜੀਆਂ ਤੇ ਰਹਿ ਸਕਦੀਆਂ ਹਨ। ਉਹ ਵੇਖੋ ਸੱਪ ਦੇ ਟਿਕਾਣੇ ਦੇ ਨੇੜੇ ਕੀੜੀਆਂ ਦਾ ਕਿੰਨਾਂ ਵੱਡਾ ਘਰ ਹੈ।"

ਪੰਛਿਆਂ ਦੀ ਸਾਰੀ ਗੱਲਬਾਤ ਸੱਪ ਨੇ ਸੁਣ ਰਿਹਾ ਸੀ। ਉਸ ਨੂੰ ਆਪਣੀ ਤਾਕਤ ਤੇ ਹੋਰ ਵੀ ਹੰਕਾਰ ਹੋ ਗਿਆ। ਪਰ ਉਸਨੂੰ ਕੀੜੀਆਂ ਦੇ ਘਰ ਵਾਲੀ ਗੱਲ ਚੰਗੀ ਨਹੀਂ ਲੱਗੀ। ਉਹ ਕੀੜੀਆਂ ਨੂੰ ਉਥੋਂ ਭਜਾਉਣ ਦਾ ਰਾਹ ਲੱਭਣ ਲੱਗਾ।

ਅਗਲੇ ਦਿਨ ਸੱਪ ਨੇ ਕੀੜੀਆਂ ਨੂੰ ਆਦੇਸ਼ ਦਿੱਤਾ, "ਉਹ ਕੀੜੀਓ! ਤੁਸੀਂ ਇਹ ਥਾਂ ਛੱਡ ਕੇ ਚਲੇ ਜਾਓ, ਨਹੀਂ ਤੇ ਮੈਂ ਤੁਹਾਨੂੰ ਖਾ ਜਾਵਾਂਗਾ!"ਪਰ ਕੀੜੀਆਂ ਨੇ ਸੱਪ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਆਪਣੇ ਕੰਮ ਵਿੱਚ ਮਗਨ ਰਹੀਆਂ।



ਸੱਪ ਨੇ ਆਪਣੀ ਬੇਇਜ਼ਤੀ ਮਹਿਸੂਸ ਕੀਤੀ ਕਿਉਂਕਿ ਆਸ-ਪਾਸ ਰੁੱਖਾਂ ਤੇ ਬੈਠੈ ਪੰਛੀ ਉਸਨੂੰ ਵੇਖ ਰਹੇ ਸਨ। ਸੱਪ ਨੇ ਗੁੱਸੇ ਵਿਚ ਫੁੰਕਾਰ ਮਾਰੀ ਤੇ ਫਿਰ ਦੁਬਾਰਾ ਬੋਲਿਆ, "ਉਹ ਕੀੜੀਓ! ਤੁਹਾਨੂੰ ਸੁਣਿਆ ਨਹੀਂ? ਜੇ ਅਪਣਾ ਭਲਾ ਚਾਹੁੰਦੀਆਂ ਹੋ ਤਾਂ ਐਥੋਂ ਹੁਣੇ ਚਲੀਆਂ ਜਾਓ!" ਇਸ ਵਾਰ ਵੀ ਕੀੜੀਆਂ ਨੇ ਸੱਪ ਦੀ ਗੱਲ ਅਣਗੌਲਿਆਂ ਕੀਤੀ ਅਤੇ ਆਪਣੇ ਕੰਮ ਵਿਚ ਰੁਝੀਆਂ ਰਹੀਆਂ।

ਸੱਪ ਦਾ ਗੁੱਸਾ ਹੁਣ ਆਪੇ ਤੋਂ ਬਾਹਰ ਸੀ। ਲੋਹਾ-ਲਾਖਾ ਹੋਇਆ ਸੱਪ ਕੀੜੀਆਂ ਨੂੰ ਸਬਕ ਸਿਖਾਉਣ ਲਈ ਉਹਨਾਂ ਦਾ ਘਰ ਢਾਹੁਣ ਦੀ ਕੋਸ਼ਿਸ਼ ਕਰਨ ਲੱਗਾ। ਆਪਣਾ ਘਰ ਢਹਿੰਦਾ ਵੇਖ ਕੇ ਕੀੜੀਆਂ ਇਕੱਠੀਆਂ ਹੋ ਗਈਆਂ ਅਤੇ ਰਲਕੇ ਸੱਪ ਉੱਤੇ ਹਮਲਾ ਕਰ ਦਿੱਤਾ। ਹਜ਼ਾਰਾਂ ਕੀੜੀਆਂ ਸੱਪ ਦੇ ਸ਼ਰੀਰ ਉੱਤੇ ਚੜ੍ਹ ਗਈਆਂ ਅਤੇ ਉਸਨੂੰ ਵੱਢਣ ਲੱਗੀਆਂ। ਇੰਨੀਆਂ ਸਾਰੀਆਂ ਕੀੜੀਆਂ ਦੇ ਵੱਢਣ ਦਾ ਦਰਦ ਸੱਪ ਤੋਂ ਸਹਾਰਿਆ ਨਾ ਗਿਆ ਅਤੇ ਚੀਕ-ਚੀਕ ਕੇ ਕਹਿਣ ਲੱਗਾ, "ਮੇਰੇ ਤੋਂ ਗਲਤੀ ਹੋ ਗਈ, ਮੈਨੂੰ ਨਾ ਕੱਟੋ .. ਹਾਏ! ਉਇ! ਮਾਂ! ਮਰ ਗਿਆ" ਪਰ ਕੀੜੀਆਂ ਲਗਾਤਾਰ ਸੱਪ ਨੂੰ ਵੱਢਦੀਆਂ ਰਹੀਆਂ।

ਸੱਪ ਨੇ ਅਪਣੇ ਬਚਾਓ ਲਈ ਬਹੁਤ ਕੋਸ਼ਿਸ਼ ਕੀਤੀ ਪਰ ਹਜ਼ਾਰਾਂ ਨਿੱਕੀਆਂ-ਨਿੱਕੀਆਂ ਕੀੜੀਆਂ ਦੀ ਏਕਤਾ ਅਗੇ ਉਸ ਦੀ ਇਕ ਨਾ ਚੱਲੀ। ਕੀੜੀਆਂ ਦਾ ਘਰ ਢਾਹੁਣ ਆਇਆ ਸੱਪ ਉਹਨਾਂ ਦੇ ਹਮਲੇ ਅਗੇ ਬੇਬੱਸ ਹੋ ਕੇ ਰਹਿ ਗਿਆ। ਆਖੀਰ ਸੱਪ ਕੋਲੋਂ ਹੋਰ ਦਰਦ ਬਰਦਾਸ਼ਤ ਨਾ ਹੋਇਆ ਅਤੇ ਉਹ ਦਮ ਤੋੜ ਗਿਆ। ਇਸ ਤਰ੍ਹਾਂ ਕੀੜੀਆਂ ਨੇ ਆਪਣੀ ਏਕਤਾ ਨਾਲ ਆਪਣੇ ਤੋਂ ਵੀ ਬਹੁਤ ਤਾਕਤਵਰ ਸੱਪ ਨੂੰ ਮਾਰ ਮੁਕਾਇਆ।

**ਸਿੱਖਿਆ- ਏਕਤਾ ਵਿਚ ਸ਼ਕਤੀ ਹੁੰਦੀ ਹੈ।**



SikhVille